# ਬੱਜਟ 2024 ਲਈ ਰਾਏ

**StrongerBC**
*for everyone*





ਬੀ.ਸੀ. ਰਹਿਣ ਲਈ ਬਹੁਤ ਵਧੀਆ ਥਾਂ ਹੈ, ਪਰ ਇੱਥੇ ਅਤੇ ਦੁਨੀਆ ਭਰ ਦੇ ਲੋਕ ਇਸ ਸਮੇਂ ਕੁਝ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਉੱਚੀਆਂ ਕੀਮਤਾਂ ਘਰੇਲੂ ਬੱਜਟ 'ਤੇ ਦਬਾਅ ਪਾ ਰਹੀਆਂ ਹਨ, ਅਤੇ ਬੇਹੱਦ ਵਧ ਮਹਿੰਗਾਈ ਦੇ ਥੋੜ੍ਹਾ ਘੱਟਣ ਦੇ ਬਾਵਜੂਦ, ਵਿਸ਼ਵ ਭਰ ਵਿੱਚ ਆਰਥਿਕ ਮੰਦੀ ਦੀ ਸੰਭਾਵਨਾ ਬਣੀ ਹੋਈ ਹੈ।

ਇਹਨਾਂ ਚੁਣੌਤੀਆਂ ਦੌਰਾਨ, ਅਸੀਂ ਲੋਕਾਂ ਲਈ ਢੁਕਵੇਂ ਵਿਕਲਪਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਲਗਨ ਨਾਲ ਕੰਮ ਰਹੇ ਹਾਂ। ਜਦੋਂ ਸਮਾਂ ਔਖਾ ਹੁੰਦਾ ਹੈ, ਤਾਂ ਤੁਹਾਡੇ ਕੋਲ ਸਰਕਾਰ ਦਾ ਸਹਿਯੋਗ ਹੋਣਾ ਚਾਹੀਦਾ ਹੈ। ਇਸ ਲਈ ਅਸੀਂ ਤੁਹਾਡੇ ਵਿਚਾਰ ਜਾਨਣਾ ਚਾਹੁੰਦੇ ਹਾਂ – ਕਿ ਅਸੀਂ ਤੁਹਾਡੇ ਸਾਰਿਆਂ ਦੇ ਭਵਿੱਖ ਨੂੰ ਵਧੇਰੇ ਮਜ਼ਬੂਤੀ ਨਾਲ ਸੁਰੱਖਿਅਤ ਕਰਦਿਆਂ, ਵਿਸ਼ਵ ਭਰ ਵਿੱਚ ਵਧ ਰਹੀ ਮਹਿੰਗਾਈ ਦੇ ਪ੍ਰਭਾਵਾਂ ਨਾਲ ਨਜਿੱਠਣ ਵਿੱਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਿਵੇਂ ਕਰ ਸਕਦੇ ਹਾਂ? ਬੀ.ਸੀ. ਦਾ ਵਧੇਰੇ ਮਜ਼ਬੂਤ ਭਵਿੱਖ ਠੋਸ ਨੀਂਹ 'ਤੇ ਬਣਿਆ ਹੋਇਆ ਹੈ। ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ, ਅਸੀਂ ਆਪਣੀ ਵਚਨਬੱਧਤਾ ਦੇ ਨਤੀਜਿਆਂ ਨੂੰ ਲੋਕਾਂ ਲਈ ਕੰਮ ਕਰਦਿਆਂ ਦੇਖ ਰਹੇ ਸੀ। ਜਦ ਅਸੀਂ ਮਹਿੰਗਾਈ, ਰਿਹਾਇਸ਼ੀ ਸੰਕਟ ਅਤੇ ਕਾਰਜਬਲ ਦੀ ਕਮੀ ਵਰਗੀਆਂ ਚੱਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ, ਇਹ ਵਚਨਬੱਧਤਾ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ।

ਹਜ਼ਾਰਾਂ ਨਵੇਂ ਕਿਫ਼ਾਇਤੀ ਘਰਾਂ ਦੀ ਉਸਾਰੀ ਇਸ ਸਮੇਂ ਕੀਤੀ ਜਾ ਰਹੀ ਹੈ ਜਾਂ ਮੁਕੰਮਲ ਹੋ ਚੁੱਕੀ ਹੈ। ਪਰਿਵਾਰ ਆਪਣੇ ਭਾਈਚਾਰਿਆਂ ਵਿੱਚ ਬੱਚਿਆਂ ਦੀ ਸੰਭਾਲ ਲਈ ਨਵੀਆਂ ਕਿਫ਼ਾਇਤੀ ਥਾਵਾਂ ਤੱਕ ਪਹੁੰਚ ਕਰ ਰਹੇ ਹਨ ਅਤੇ ਪ੍ਰਤੀ ਮਹੀਨਾ $550 ਤੋਂ ਵੱਧ ਦੀ ਬਚਤ ਕਰ ਰਹੇ ਹਨ। ਵਧੇਰੇ ਲੋਕ ਨਵੇਂ ਹੁਨਰ ਸਿੱਖ ਰਹੇ ਹਨ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪ੍ਰਾਪਤ ਕਰ ਰਹੇ ਹਨ। ਅਤੇ ਅਸੀਂ ਰੋਜ਼ਾਨਾ ਦੇ ਖ਼ਰਚਿਆਂ ਵਿੱਚ ਲੋਕਾਂ ਦੀ ਮਦਦ ਕਰਨ ਲਈ ਬੀ.ਸੀ. ਵਿੱਚ ਸਾਰੀਆਂ ਪ੍ਰਿਸਕ੍ਰਿਪਸ਼ਨ ਵਾਲੀਆਂ ਗਰਭ ਨਿਰੋਧਕ ਦਵਾਈਆਂ ਨੂੰ ਮੁਫ਼ਤ ਬਣਾ ਕੇ, ਅਤੇ 'ਬੀ.ਸੀ. ਫੈਮਿਲੀ ਬੈਨੀਫਿਟ' ਅਤੇ 'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਵਿੱਚ ਵਾਧਾ ਕਰ ਕੇ, ਨਵੀਆਂ ਕਾਰਵਾਈਆਂ ਕਰ ਰਹੇ ਹਾਂ। ਇਹ ਕਿਰਾਏ ਵਿੱਚ ਵਾਧੇ ਨੂੰ ਸੀਮਤ ਕਰਨ, ਅਤੇ ਟੋਲ ਅਤੇ ਐਮ ਐਸ ਪੀ (MSP) ਪ੍ਰੀਮੀਅਮਾਂ ਨੂੰ ਖਤਮ ਕਰਨ ਤੋਂ ਇਲਾਵਾ ਹੈ। ਸਾਡਾ ਧਿਆਨ ਇਸ ਗੱਲ 'ਤੇ ਕੇਂਦਰਿਤ ਹੈ ਕਿ ਤੁਹਾਡੇ ਲਈ ਕੀ ਮਾਇਨੇ ਰੱਖਦਾ ਹੈ, ਅਤੇ ਹਰ ਸਾਲ ਸਰਕਾਰ ਦੇ ਸਾਰੇ ਵਿਭਾਗਾਂ ਵਿੱਚ ਅਸੀਂ ਇਹ ਯਕੀਨੀ ਬਣਾਉਣ ਲਈ ਮਿਹਨਤ ਕਰਦੇ ਹਾਂ ਕਿ ਸੂਬਾਈ ਬੱਜਟ ਤੁਹਾਡੇ ਤੋਂ ਮਿਲੀ ਜਾਣਕਾਰੀ ਮੁਤਾਬਕ ਢੁਕਵਾਂ ਹੋਵੇ। ਜਦੋਂ ਅਸੀਂ ਬੱਜਟ 2024 ਨੂੰ ਵਿਕਸਤ ਕਰਨ ਲਈ ਆਉਣ ਵਾਲੇ ਸਮੇਂ ਬਾਰੇ ਸੋਚ ਰਹੇ ਹਾਂ, ਅਸੀਂ ਤੁਹਾਨੂੰ ਦੁਬਾਰਾ ਪੁੱਛ ਰਹੇ ਹਾਂ: ਤੁਹਾਡੀਆਂ ਤਰਜੀਹਾਂ ਕੀ ਹਨ? ਅਤੇ ਸਾਡੀ ਸਰਕਾਰ ਵਧੇਰੇ ਮਜ਼ਬੂਤ ਭਵਿੱਖ ਕਿਵੇਂ ਬਣਾ ਸਕਦੀ ਹੈ, ਜਿੱਥੇ ਤੁਸੀਂ ਅਤੇ ਤੁਹਾਡਾ ਪਰਿਵਾਰ ਆਪਣੇ ਜੀਵਨ ਨੂੰ ਵਧੀਆ ਬਣਾ ਸਕੋ?

ਵਿੱਤ ਅਤੇ ਸਰਕਾਰੀ ਸੇਵਾਵਾਂ (Finance and Government Services) ਦੀ ਬੱਜਟ ਬਾਰੇ ਰਾਏ ਲਈ ਬਣਾਈ ਗਈ 'ਸਿਲੈਕਟ ਸਟੈਂਡਿੰਗ ਕਮੇਟੀ' ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਦੇ ਅਸੀਂ ਧੰਨਵਾਦੀ ਹਾਂ। ਤੁਹਾਡੇ ਖਿਆਲ ਅਤੇ ਵਿਚਾਰ ਸੂਬਾਈ ਬੱਜਟ ਤਿਆਰ ਕਰਨ ਦੀ ਪ੍ਰਕਿਰਿਆ ਲਈ ਅਹਿਮ ਹਨ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਵਿਚਾਰ ਬੀ.ਸੀ. ਦੀ ਭਵਿੱਖ ਦੀ ਯੋਜਨਾ ਵਿੱਚ ਸ਼ਾਮਲ ਹੋਣ, ਦੇਖਣ ਲਈ ਮੈਂ ਉਤਸੁਕ ਹਾਂ।

Katrine Conroy

ਮਾਨਯੋਗ ਕਟਰੀਨ ਕੌਨਰੌਏ
ਵਿੱਤ ਮੰਤਰੀ

BRITISH COLUMBIA

**ਹੋਰ ਜਾਣਕਾਰੀ ਲਈ**

*ਬੱਜਟ 2024 ਲਈ ਰਾਏ:*
**bcleg.ca/FGSbudget**

ਅਗਲੇ ਪੰਨਿਆਂ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ ਸਾਲ ਸਾਨੂੰ ਲੋਕਾਂ ਤੋਂ ਮਿਲੀ ਜਾਣਕਾਰੀ 'ਤੇ ਸਰਕਾਰ ਨੇ ਕਿਵੇਂ ਕਾਰਵਾਈ ਕੀਤੀ। ਬੱਜਟ 2023 ਲੋਕਾਂ ਨੂੰ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਸੁਰੱਖਿਅਤ ਅਤੇ ਸਿਹਤਮੰਦ ਰੱਖਣ, ਰਹਿਣ-ਸਹਿਣ ਦੇ ਵਧ ਰਹੇ ਖ਼ਰਚਿਆਂ ਵਿੱਚ ਲੋਕਾਂ ਦੀ ਸਹਾਇਤਾ ਕਰਨ, ਪਹੁੰਚਯੋਗ ਅਤੇ ਕਿਫ਼ਾਇਤੀ ਰਿਹਾਇਸ਼ਾਂ ਲਈ ਵਧੇਰੇ ਵਿਕਲਪ ਉਪਲਬਧ ਕਰਵਾਉਣ, ਅਤੇ ਇੱਕ ਮਜ਼ਬੂਤ, ਅਤੇ ਅਜਿਹੀ ਸਾਫ਼-ਸੁਥਰੀ ਆਰਥਿਕਤਾ ਦਾ ਨਿਰਮਾਣ ਕਰਨ, ਜੋ ਕਿ ਸਾਰਿਆਂ ਲਈ ਕੰਮ ਕਰਦੀ ਹੈ, ਵਰਗੀਆਂ ਤਰਜੀਹਾਂ 'ਤੇ ਕੇਂਦਰਿਤ ਹੈ।

## ਹੈਲਥ ਕੇਅਰ (ਸਿਹਤ-ਸੰਭਾਲ) ਨੂੰ ਮਜ਼ਬੂਤ ਬਣਾਉਣਾ

ਅਗਲੇ ਤਿੰਨ ਸਾਲਾਂ ਵਿੱਚ, $6.4 ਬਿਲੀਅਨ ਨਾਲ ਜਨਤਕ ਸਿਹਤ-ਸੰਭਾਲ ਸੇਵਾਵਾਂ (ਪਬਲਿਕ ਹੈਲਥ ਕੇਅਰ ਸਰਵਿਸਿਜ਼) ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋਕ ਉਸ ਵੇਲੇ ਲੋੜੀਂਦੀ ਸੰਭਾਲ ਪ੍ਰਾਪਤ ਕਰਦੇ ਹਨ, ਜਦੋਂ ਉਹਨਾਂ ਨੂੰ ਇਸਦੀ ਜ਼ਰੂਰਤ ਹੁੰਦੀ ਹੈ। ਇਸ ਵਿੱਚ ਮਹੱਤਵਪੂਰਨ ਕੈਂਸਰ ਕੇਅਰ ਸੇਵਾਵਾਂ, ਸਿਹਤ ਸੰਭਾਲ ਕਾਰਜਬਲ ਲਈ ਇੱਕ ਨਵੀਂ ਕਾਰਜਨੀਤੀ ਅਤੇ ਇੱਕ ਨਵਾਂ ਭੁਗਤਾਨ ਮਾਡਲ ਸ਼ਾਮਲ ਹੈ ਤਾਂ ਜੋ ਵਧੇਰੇ ਫੈਮਿਲੀ ਡਾਕਟਰਾਂ ਦੀ ਪ੍ਰੈਕਟਿਸ ਸ਼ੁਰੂ ਕਰਨ ਜਾਂ ਜਾਰੀ ਰੱਖਣ ਵਿੱਚ ਮਦਦ ਕੀਤੀ ਜਾ ਸਕੇ। ਮਾਨਸਿਕ ਸਿਹਤ ਸੰਭਾਲ ਵੀ ਸਿਹਤ ਸੰਭਾਲ ਦਾ ਹਿੱਸਾ ਹੈ - ਅਤੇ ਅਸੀਂ ਬੀ.ਸੀ. ਦੇ ਇਤਿਹਾਸ ਵਿੱਚ ਪਹਿਲੀ ਵਾਰ ਮਾਨਸਿਕ ਸਿਹਤ ਅਤੇ ਨਸ਼ੇ ਦੀ ਲਤ ਵਾਲੇ ਲੋਕਾਂ ਲਈ ਲੋੜੀਂਦੀਆਂ ਸੇਵਾਵਾਂ ਵਿੱਚ ਬਹੁਤ ਮਹੱਤਵਪੂਰਨ ਸੁਧਾਰ ਕਰ ਰਹੇ ਹਾਂ।

- ਬੀ.ਸੀ. ਭਰ ਦੇ ਭਾਈਚਾਰਿਆਂ ਵਿੱਚ ਕੈਂਸਰ ਕੇਅਰ ਸੇਵਾਵਾਂ ਦਾ ਵਿਸਤਾਰ ਕਰਨ ਅਤੇ ਉਹਨਾਂ ਵਿੱਚ ਵਾਧਾ ਕਰਨ ਲਈ 'ਬੀ ਸੀ ਕੈਂਸਰ ਕੇਅਰ ਪਲੈਨ' ਲਈ $270 ਮਿਲੀਅਨ ਸਮੇਤ, ਵਧਦੀ ਮੰਗ ਅਤੇ ਵਧੇ ਹੋਏ ਖ਼ਰਚਿਆਂ ਵਿੱਚ ਮਦਦ ਕਰਨ ਲਈ $2.6 ਬਿਲੀਅਨ।
- ਬੀ.ਸੀ. ਦੇ ਸਿਹਤ ਸੰਭਾਲ ਕਾਰਜਬਲ ਦੀ ਕਾਰਜਨੀਤੀ ਨੂੰ ਮਜ਼ਬੂਤ ਬਣਾਉਣ ਲਈ, ਸਟਾਫ਼ ਦੀ ਭਰਤੀ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣਾ, ਵਧੇਰੇ ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਸਿਖਲਾਈ ਦੇਣਾ, ਕੰਮ ਨੂੰ ਮੁੜ ਡਿਜ਼ਾਈਨ ਕਰਨਾ ਅਤੇ ਮੁੜ-ਸੰਤੁਲਿਤ ਬਣਾਉਣਾ ਅਤੇ ਸੂਬੇ ਭਰ ਵਿੱਚ ਸਾਡੇ ਹੈਲਥ-ਕੇਅਰ ਸਿਸਟਮ ਵਿੱਚ ਮੇਲ-ਮਿਲਾਪ (ਰਿਕੰਸਲੀਏਸ਼ਨ) ਅਤੇ ਸੱਭਿਆਚਾਰਕ ਸੁਰੱਖਿਆ ਨੂੰ ਸ਼ਾਮਲ ਕਰਨਾ।
- ਹੈਲਥ-ਕੇਅਰ ਸਿਸਟਮ ਤੱਕ ਪਹੁੰਚ ਵਿੱਚ ਲੋਕਾਂ ਲਈ ਇੱਕ ਅਹਿਮ ਭੂਮਿਕਾ ਨਿਭਾਉਣ ਵਾਲੇ ਫੈਮਿਲੀ ਡਾਕਟਰਾਂ ਲਈ ਇੱਕ ਨਵਾਂ ਭੁਗਤਾਨ ਮਾਡਲ।
- ਨਵੀਂ ਕੌਂਪਲੈਕਸ ਕੇਅਰ ਹਾਊਸਿੰਗ, ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਇਲਾਜ ਸੇਵਾਵਾਂ ਰਾਹੀਂ ਮਾਨਸਿਕ ਸਿਹਤ ਸੰਭਾਲ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਲਈ ਸੇਵਾਵਾਂ ਨੂੰ ਮਜ਼ਬੂਤ ਕਰਨਾ।

**ਜਿਵੇਂ-ਜਿਵੇਂ ਲੋਕਾਂ ਦੀ ਉਮਰ ਵਧਦੀ ਜਾ ਰਹੀ ਹੈ ਅਤੇ ਵਧੇਰੇ ਲੋਕ ਬੀ.ਸੀ. ਵਿੱਚ ਰਹਿਣ ਲਈ ਆ ਰਹੇ ਹਨ, ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਹਰ ਕਿਸੇ ਦੀ ਆਪਣੇ ਭਾਈਚਾਰੇ ਵਿੱਚ ਸਿਹਤ ਅਤੇ ਮਾਨਸਿਕ ਸਿਹਤ ਸੰਭਾਲ ਤੱਕ ਪਹੁੰਚ ਹੋਵੇ।**

## ਹਾਊਸਿੰਗ ਸੰਕਟ ਨਾਲ ਨਜਿੱਠਣਾ

ਭਾਵੇਂ ਅਸੀਂ ਪਹਿਲਾਂ ਨਾਲੋਂ ਜ਼ਿਆਦਾ ਘਰ ਬਣਾ ਰਹੇ ਹਾਂ, ਫਿਰ ਵੀ ਇਹ ਲੋਕਾਂ ਲਈ ਉਹਨਾਂ ਦੀ ਜ਼ਿੰਦਗੀ ਵਿੱਚ ਹਰ ਉਮਰ ਅਤੇ ਪੜਾਵਾਂ 'ਤੇ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਨਹੀਂ ਹੈ। ਆਪਣੇ ਸਕੂਲੀ ਸਾਲਾਂ ਦੌਰਾਨ, ਰਹਿਣ ਲਈ ਥਾਂ ਲੱਭਣ ਲਈ ਸੰਘਰਸ਼ ਕਰ ਰਹੇ ਵਿਦਿਆਰਥੀਆਂ ਤੋਂ ਲੈ ਕੇ ਸੁਤੰਤਰ ਤੌਰ 'ਤੇ ਰਹਿਣ ਦੀ ਕੋਸ਼ਿਸ਼ ਕਰ ਰਹੇ ਬਜ਼ੁਰਗਾਂ ਤੱਕ, ਬੀ.ਸੀ. ਵਿੱਚ ਕਿਫ਼ਾਇਤੀ ਅਤੇ ਪਹੁੰਚਯੋਗ ਰਿਹਾਇਸ਼ਾਂ ਸਾਰਿਆਂ ਲਈ ਇੱਕ ਚੁਣੌਤੀ ਹਨ। ਇਸ ਲਈ ਅਸੀਂ ਹਾਊਸਿੰਗ ਦੇ ਪੂਰੇ ਦਾਇਰੇ ਵਿੱਚ ਉਸ ਤਰ੍ਹਾਂ ਦੇ ਘਰ ਮੁਹਈਆ ਕਰਵਾਉਣ ਲਈ ਕਾਰਵਾਈ ਕਰ ਰਹੇ ਹਾਂ ਜਿਸ ਤਰ੍ਹਾਂ ਦੇ ਘਰਾਂ ਦੀ ਲੋਕਾਂ ਨੂੰ ਲੋੜ ਹੈ ਅਤੇ ਜੋ ਕਿਫ਼ਾਇਤੀ ਹਨ।

**'ਹੋਮਜ਼ ਫੌਰ ਪੀਪਲ' (ਲੋਕਾਂ ਲਈ ਘਰ) ਬੀ.ਸੀ. ਦੀ ਸੋਧੀ ਹੋਈ ਰਿਹਾਇਸ਼ੀ ਯੋਜਨਾ ਹੈ, ਜਿਸ ਦੇ ਮਤਿਹਤ ਨਵੇਂ ਘਰਾਂ ਨੂੰ ਤੇਜ਼ੀ ਨਾਲ ਉਪਲਬਧ ਕਰਨਾ, ਮੱਧ-ਆਮਦਨੀ ਵਾਲੇ ਲੋਕਾਂ ਲਈ ਘਰਾਂ ਦੀ ਸਪਲਾਈ ਨੂੰ ਵਧਾਉਣਾ, ਸਪੈਕਿਉਲੇਸ਼ਨ (ਸੱਟੇਬਾਜ਼ੀ) ਨਾਲ ਨਜਿੱਠਣਾ ਅਤੇ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਜ਼ਰੂਰਤ ਹੈ।**

- ਮੱਧ-ਆਮਦਨੀ ਵਾਲੇ, ਛੋਟੇ ਪੈਮਾਨੇ ਦੇ, ਅਤੇ ਬਹੁ-ਯੂਨਿਟ ਘਰ ਪ੍ਰਦਾਨ ਕਰਨਾ।
- ਮਕਾਨ ਮਾਲਕਾਂ ਨੂੰ ਸੈਕੰਡਰੀ ਸੂਇਟ ਬਣਾਉਣ ਅਤੇ ਉਹਨਾਂ ਨੂੰ ਕਿਰਾਏ 'ਤੇ ਦੇਣ ਲਈ ਮਾਰਕਿਟ ਰੇਟਾਂ ਤੋਂ ਘੱਟ ਦਰ 'ਤੇ ਮਾਫ਼ੀਯੋਗ ਕਰਜ਼ੇ ਦੀ ਪੇਸ਼ਕਸ਼ ਕਰਨਾ।
- ਕਿਰਾਏਦਾਰਾਂ ਲਈ ਹਜ਼ਾਰਾਂ ਨਵੇਂ ਘਰ ਬਣਾਉਣਾ।
- ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ, ਅਤੇ ਇੱਕ ਨਵੇਂ ਫਲਿੱਪਿੰਗ ਟੈਕਸ ਦੀ ਸ਼ੁਰੂਆਤ ਨਾਲ ਰੀਅਲ ਇਸਟੇਟ ਵਿੱਚ ਸੱਟੇਬਾਜ਼ੀ ਨੂੰ ਰੋਕਣਾ।
- 'ਬੀ ਸੀ ਬਿਲਡਜ਼' ਅਤੇ 'ਬਿਲਡਿੰਗ ਬੀ ਸੀ', 'ਇੰਡੀਜਨਸ ਹਾਊਸਿੰਗ ਫੰਡ' ਅਤੇ 'ਕਮਿਊਨਿਟੀ ਹਾਊਸਿੰਗ ਫੰਡ' ਰਾਹੀਂ ਹਜ਼ਾਰਾਂ ਨਵੇਂ ਘਰ ਬਣਾਉਣਾ।
- ਕਿਰਾਏਦਾਰਾਂ ਦੀ ਮਦਦ ਕਰਨਾ::
  - ਇੱਕ ਨਵੇਂ ਇਨਕਮ-ਟੈਸਟਡ ਰੈਂਟਰਜ਼ ਟੈਕਸ ਕ੍ਰੈਡਿਟ (income-tested renter's tax credit) ਨੂੰ ਲਾਗੂ ਕਰਨਾ
  - ਛੋਟੀ ਮਿਆਦ ਦੇ ਕਿਰਾਇਆਂ (short-term rentals) 'ਤੇ ਮਜ਼ਬੂਤੀ ਨਾਲ ਲਾਗੂਕਰਨ
- ਬੇਘਰੀ ਤੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਵਿੱਚ ਲੋਕਾਂ ਦੀ ਮਦਦ ਕਰਨਾ:
  - ਉਹਨਾਂ ਲੋਕਾਂ ਲਈ ਨਵੀਂ 'ਕੌਂਪਲੈਕਸ ਕੇਅਰ ਹਾਊਸਿੰਗ' ਜਿਨ੍ਹਾਂ ਨੂੰ ਵਧੇਰੇ ਮਦਦ ਦੀ ਲੋੜ ਹੈ
  - ਵੱਡੇ ਕੈਂਪਾਂ ਨਾਲ ਨਜਿੱਠ ਰਹੇ ਭਾਈਚਾਰਿਆਂ ਦੀ ਮਦਦ ਕਰਨ ਲਈ 'ਰੀਜਨਲ ਰੈਪਿਡ ਰਿਸਪੌਂਸ' ਟੀਮਾਂ

## ਖ਼ਰਚਿਆਂ ਵਿੱਚ ਲੋਕਾਂ ਦੀ ਮਦਦ ਕਰਨਾ

ਵਿਸ਼ਵ ਭਰ ਵਿੱਚ ਮਹਿੰਗਾਈ ਅਤੇ ਉੱਚੀਆਂ ਕੀਮਤਾਂ ਲੋਕਾਂ ਦੇ ਬੱਜਟ 'ਤੇ ਦਬਾਅ ਪਾ ਰਹੀਆਂ ਹਨ। ਇਸੇ ਲਈ ਸਾਡੀ ਸਰਕਾਰ ਖ਼ਰਚਿਆਂ ਨੂੰ ਘੱਟ ਕਰਨ ਵਿੱਚ ਮਦਦ ਕਰਨ ਅਤੇ ਉਹਨਾਂ ਲੋਕਾਂ ਨੂੰ ਵਾਧੂ ਸਹਾਇਤਾ ਦੀ ਪੇਸ਼ਕਸ਼ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜਿੰਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। ਲੋਕਾਂ ਦੀਆਂ ਜੇਬਾਂ ਵਿੱਚ ਤੇਜ਼ੀ ਨਾਲ ਪੈਸੇ ਪਾਉਣ ਲਈ, ਅਸੀਂ 2022 ਦੀਆਂ ਗਰਮੀਆਂ ਤੋਂ ਲੈਕੇ ਲਗਭਗ $2.4 ਬਿਲੀਅਨ ਦੇ ਸਹਿਯੋਗ ਦੀ ਕਾਰਵਾਈ ਕੀਤੀ। ਬੱਜਟ 2023 ਅਗਲੇ ਤਿੰਨ ਸਾਲਾਂ ਵਿੱਚ ਹੋਰ $4.5 ਬਿਲੀਅਨ ਨਾਲ ਇਸ ਸਹਿਯੋਗ ਦੇ ਟੀਚੇ ਨੂੰ ਜਾਰੀ ਰੱਖਦਾ ਹੈ।

$3.2 ਬਿਲੀਅਨ ਦੇ ਟੈਕਸ ਉਪਾਅ ਜੋ ਰਹਿਣ-ਸਹਿਣ ਦੇ ਖ਼ਰਚਿਆਂ ਦੇ ਦਬਾਵਾਂ ਨਾਲ ਨਜਿੱਠਣ ਵਿੱਚ ਮਦਦ ਕਰਦੇ ਹਨ:

- ਬੱਚਿਆਂ ਵਾਲੇ ਪਰਿਵਾਰਾਂ ਨੂੰ ਜੁਲਾਈ 2023 ਤੋਂ ਸ਼ੁਰੂ ਕਰਕੇ ਉਹਨਾਂ ਦੇ ਬੀ ਸੀ ਫੈਮਿਲੀ ਬੈਨੀਫਿਟ ਵਿੱਚ 10% ਤੱਕ ਦਾ ਵਾਧਾ ਦੇਖਣ ਨੂੰ ਮਿਲੇਗਾ, ਅਤੇ ਸਿੰਗਲ ਮਾਪੇ ਵੀ ਆਪਣਾ ਗੁਜ਼ਾਰਾ ਕਰਨ ਵਿੱਚ ਮਦਦ ਕਰਨ ਲਈ ਇੱਕ ਸਾਲਾਨਾ ਟੌਪ-ਅੱਪ ਵਿੱਚ $500 ਤੱਕ ਦੀ ਰਕਮ ਪ੍ਰਾਪਤ ਕਰਨਗੇ।
- ਕਿਰਾਏਦਾਰਾਂ ਲਈ ਇੱਕ ਨਵਾਂ ਆਮਦਨ-ਟੈਸਟ ਕੀਤਾ ਟੈਕਸ ਕ੍ਰੈਡਿਟ (income-tested renter's tax credit) 2024 ਤੋਂ ਸ਼ੁਰੂ ਕਰਕੇ ਕਿਰਾਏ 'ਤੇ ਘਰ ਲੈਣ ਵਾਲੇ ਪਰਿਵਾਰਾਂ ਨੂੰ ਹਰ ਸਾਲ $400 ਤੱਕ ਪ੍ਰਦਾਨ ਕਰੇਗਾ, ਜਿਸ ਨਾਲ ਔਸਤ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਸਭ ਤੋਂ ਵੱਧ ਸਹਾਇਤਾ ਮਿਲੇਗੀ।
- ਜਲਵਾਯੂ ਤਬਦੀਲੀ ਦੇ ਖ਼ਰਚੇ ਅਤੇ ਕਾਰਬਨ ਟੈਕਸ ਵਿੱਚ ਵਾਧੇ ਵਿੱਚ ਲੋਕਾਂ ਦੀ ਮਦਦ ਕਰਨ ਲਈ ਬੀ.ਸੀ. ਦੇ 'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਵਿੱਚ ਵਾਧਾ।

ਲੋਕਾਂ ਵਾਸਤੇ ਰੁਕਾਵਟਾਂ ਨੂੰ ਤੋੜਨ ਲਈ $1.3 ਬਿਲੀਅਨ:

- ਮੌਜੂਦਾ ਸਕੂਲੀ ਭੋਜਨ ਪ੍ਰੋਗਰਾਮਾਂ ਦਾ ਵਿਸਤਾਰ ਕਰਨਾ ਤਾਂ ਜੋ ਵਧੇਰੇ ਬੱਚੇ ਅਤੇ ਨੌਜਵਾਨ ਸਕੂਲਾਂ ਵਿੱਚ ਪੌਸ਼ਟਿਕ ਭੋਜਨ ਅਤੇ ਸਨੈਕਸ ਤੱਕ ਪਹੁੰਚ ਕਰ ਸਕਣ।
- ਪ੍ਰਿਸਕ੍ਰਿਪਸ਼ਨ ਵਾਲੀ ਮੁਫ਼ਤ ਗਰਭਨਿਰੋਧਕ ਦਵਾਈ ਤਾਂਕਿ ਲੋਕਾਂ ਲਈ ਆਪਣੀ ਜਣਨ ਅਤੇ ਜਿਨਸੀ ਸਿਹਤ ਬਾਰੇ ਚੋਣਾਂ ਕਰਨ ਲਈ ਖ਼ਰਚਾ ਕੋਈ ਰੁਕਾਵਟ ਨਾਂ ਹੋਵੇ।
- ਵਿਦਿਆਰਥੀ ਲੋਨ ਦੀ ਵੱਧ ਤੋਂ ਵੱਧ ਰਕਮ ਨੂੰ ਦੁੱਗਣਾ ਕਰਨਾ ਅਤੇ ਵਿਦਿਆਰਥੀ ਕਰਜ਼ੇ ਦੀ ਮੁੜ ਅਦਾਇਗੀ ਤੋਂ ਬਾਅਦ ਆਮਦਨ ਦੀ ਹੱਦ ਨੂੰ ਵਧਾਉਣਾ ਤਾਂ ਜੋ ਵਿਦਿਆਰਥੀਆਂ ਦੀ ਸਿੱਖਿਆ ਅਤੇ ਸਿਖਲਾਈ ਤੱਕ ਬਿਹਤਰ ਪਹੁੰਚ ਹੋ ਸਕੇ।
- ਸ਼ੈਲਟਰ ਦੀ ਦਰ ਵਿੱਚ $125 ਤੱਕ ਦਾ ਵਾਧਾ ਕਰਨਾ ਤਾਂ ਜੋ ਆਮਦਨ ਅਤੇ ਅਪੰਗਤਾ ਸਹਾਇਤਾ (income and disability assistance) ਪ੍ਰਾਪਤ ਕਰ ਰਹੇ ਲੋਕਾਂ ਨੂੰ ਥੋੜ੍ਹੀ ਜਿਹੀ ਵਧੇਰੇ ਸਹਾਇਤਾ ਮਿਲ ਸਕੇ।

## ਇੱਕ ਮਜ਼ਬੂਤ, ਵਾਤਾਵਰਣ ਪੱਖੋਂ ਸਾਫ਼ ਆਰਥਿਕਤਾ ਦਾ ਨਿਰਮਾਣ

ਅਸੀਂ ਵਧੀਆ ਤਨਖਾਹ ਵਾਲੀਆਂ ਨੌਕਰੀਆਂ, ਕੁਦਰਤੀ ਸਰੋਤਾਂ ਦੇ ਸਮੁੱਚੇ ਪ੍ਰਬੰਧਨ, ਸਿਹਤਮੰਦ ਅਤੇ ਸਰਗਰਮ ਭਾਈਚਾਰਿਆਂ, ਨਿਕਾਸਾਂ ਨੂੰ ਘੱਟ ਕਰਨ, ਜਲਵਾਯੂ ਵਿੱਚ ਤਬਦੀਲੀ ਨਾਲ ਨਜਿੱਠਣ ਅਤੇ ਇੰਡੀਜਨਸ ਲੋਕਾਂ ਨਾਲ ਭਾਈਵਾਲੀ ਰਾਹੀਂ ਵਾਤਾਵਰਣ ਲਈ ਹੋਰ ਸਾਫ਼, ਵਧੇਰੇ ਟਿਕਾਊ ਭਵਿੱਖ ਲਈ ਬੁਨਿਆਦ ਰੱਖ ਰਹੇ ਹਾਂ।

ਨੌਕਰੀ ਲਈ ਸਹੀ ਵਿਅਕਤੀ ਲੱਭਣਾ ਇਸ ਸਮੇਂ ਬੀ.ਸੀ. ਦੇ ਕਾਰੋਬਾਰਾਂ ਲਈ ਸਭ ਤੋਂ ਵੱਡੀਆਂ ਚਿੰਤਾਵਾਂ ਵਿੱਚੋਂ ਇੱਕ ਹੈ। ਸਾਡੀ 'ਫਿਊਚਰ ਰੈਡੀ' ਕਾਰਜਨੀਤੀ ਕੈਨੇਡਾ ਵਿੱਚ ਸਭ ਤੋਂ ਵੱਧ ਸੰਮਿਲਿਤ ਅਤੇ ਪ੍ਰਤਿਭਾਸ਼ੀਲ ਅਤੇ ਉਤਸ਼ਾਹਤ ਕਾਰਜ-ਬਲਾਂ ਵਾਸਤੇ ਵਧੀਆ-ਤਨਖਾਹ ਵਾਲੀਆਂ ਨੌਕਰੀਆਂ ਦੀ ਸਿਰਜਣਾ ਕਰਨ ਲਈ ਅਤੇ ਕਾਰੋਬਾਰਾਂ ਨੂੰ ਉਹ ਪ੍ਰਤਿਭਾਸ਼ਾਲੀ ਵਿਅਕਤੀ ਪ੍ਰਦਾਨ ਕਰਾਉਣ ਲਈ ਰਾਹ ਪੱਧਰਾ ਕਰਦੀ ਹੈ ਜਿਸਦੀ ਉਹਨਾਂ ਨੂੰ ਸਫਲ ਹੋਣ ਵਾਸਤੇ ਲੋੜ ਹੁੰਦੀ ਹੈ।

**'ਕਲੀਨ ਬੀ ਸੀ ਰੋਡਮੈਪ ਟੂ 2030' ਨਿਕਾਸਾਂ ਵਿੱਚ ਕਟੌਤੀ ਕਰਨ ਅਤੇ ਇੱਕ ਟਿਕਾਊ, ਘੱਟ ਕਾਰਬਨ ਵਾਲੇ ਭਵਿੱਖ ਦਾ ਨਿਰਮਾਣ ਕਰਨ ਲਈ ਬੀ.ਸੀ. ਦੀ ਯੋਜਨਾ ਨੂੰ ਦਰਸਾਉਂਦਾ ਹੈ, ਜੋ ਸਾਰਿਆਂ ਨੂੰ ਲਾਭ ਪਹੁੰਚਾਉਂਦੀ ਹੈ।**

ਬੱਜਟ 2023 ਨਿਕਾਸਾਂ ਨੂੰ ਘਟਾਉਣ ਅਤੇ ਇੱਕ ਸਾਫ਼, ਟਿਕਾਊ ਆਰਥਿਕ ਭਵਿੱਖ ਵੱਲ ਵਧਣ ਲਈ 'ਕਲੀਨ ਬੀ ਸੀ ਰੋਡਮੈਪ ਟੂ 2030' ਦੀ ਬੁਨਿਆਦ ਨੂੰ ਅੱਗੇ ਵਧਾਉਂਦਾ ਹੈ:

- ਕਿਫ਼ਾਇਤੀ ਅਤੇ ਪ੍ਰਤੀਯੋਗੀਸ਼ੀਲ ਬਣੇ ਰਹਿਣ ਅਤੇ ਫੈਡਰਲ ਮਿਆਰ ਦੇ ਨਾਲ ਤਾਲਮੇਲ ਬਿਠਾਉਣ ਦੇ ਨਾਲ-ਨਾਲ ਨਿਕਾਸਾਂ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਉਦਯੋਗ ਲਈ ਕਾਰਬਨ ਕੀਮਤਾਂ ਦਾ ਇੱਕ ਨਵਾਂ ਢਾਂਚਾ।
- ਐਕਟਿਵ ਟ੍ਰਾਂਸਪੋਰਟੇਸ਼ਨ (ਅਜਿਹੀ ਆਵਾਜਾਈ ਜਿਸ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਪਣੀ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਪੈਦਲ ਤੁਰਨਾ, ਸਾਈਕਲ ਚਲਾਉਣਾ ਆਦਿ) ਦੇ ਵਧੇਰੇ ਨੈੱਟਵਰਕਾਂ ਦਾ ਨਿਰਮਾਣ ਕਰਨਾ ਤਾਂ ਜੋ ਭਾਈਚਾਰਿਆਂ ਨੂੰ ਪੈਦਲ ਚੱਲਣ, ਸਾਈਕਲ ਚਲਾਉਣ ਅਤੇ ਜਨਤਕ ਆਵਾਜਾਈ ਦੀਆਂ ਉਹ ਸਹੂਲਤਾਂ ਦਿੱਤੀਆਂ ਜਾ ਸਕਣ, ਜਿਨ੍ਹਾਂ ਦੀ ਉਹਨਾਂ ਨੂੰ ਕਿਸੇ ਥਾਂ 'ਤੇ ਪਹੁੰਚਣ ਲਈ ਲੋੜ ਹੁੰਦੀ ਹੈ।
- ਬੀ.ਸੀ. ਦੇ ਕਾਰੋਬਾਰਾਂ, ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਯੋਗ ਜਨਤਕ ਸੰਸਥਾਵਾਂ ਨੂੰ ਜ਼ੀਰੋ-ਨਿਕਾਸ ਵਾਲੀਆਂ ਗੱਡੀਆਂ ਅਪਣਾਉਣ ਵਿੱਚ ਮਦਦ ਕਰਨ ਲਈ, 'ਕਲੀਨ ਬੀ ਸੀ ਗੋ ਇਲੈਕਟ੍ਰਿਕ ਕਮਰਸ਼ਲ ਵ੍ਹੀਕਲ ਪਾਇਲਟ ਪ੍ਰੋਗਰਾਮ' (The CleanBC Go Electric Commercial Vehicle Pilot Program) ਜਿਸ ਵਿੱਚ ਮੀਡੀਅਮ ਅਤੇ ਹੈਵੀ-ਡਿਊਟੀ ਟਰੱਕ ਵੀ ਸ਼ਾਮਲ ਹਨ।

ਬੀ.ਸੀ. ਦੇ ਕੁਦਰਤੀ ਸਰੋਤਾਂ ਦੇ ਨਾਲ ਸਾਡੇ ਕੰਮ ਕਰਨ ਦੇ ਤਰੀਕੇ ਨੂੰ ਬਦਲਣਾ:

- ਬੈਕਲਾਗਾਂ ਨੂੰ ਘਟਾਉਣ ਅਤੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਨ ਲਈ ਕੁਦਰਤੀ ਸਰੋਤਾਂ ਦੀ ਪਰਮਿਟਿੰਗ ਨੂੰ ਤੇਜ਼ ਕਰਨਾ ਅਤੇ ਬੀ.ਸੀ. ਦੇ ਪਰਮਿਟਿੰਗ ਸਰਵਿਸ ਡਿਲੀਵਰੀ ਮਾਡਲ ਨੂੰ ਆਧੁਨਿਕ ਬਣਾਉਣਾ।

» ਪੇਂਡੂ ਅਤੇ ਇੰਡੀਜਨਸ (ਮੂਲਵਾਸੀ) ਭਾਈਚਾਰਿਆਂ ਵਿਚਕਾਰ ਸੁਰੱਖਿਅਤ ਆਵਾਜਾਈ ਦਾ ਸਮਰਥਨ ਕਰਨ ਲਈ ਜੰਗਲਾਤ ਸੇਵਾ ਦੀਆਂ ਸੜਕਾਂ ਦੀ ਸਾਂਭ-ਸੰਭਾਲ ਕਰਨਾ ਅਤੇ ਇਹਨਾਂ ਨੂੰ ਅੱਪਗਰੇਡ ਕਰਨਾ।

» ਵਧੇਰੇ ਪੁਰਾਣੇ ਜੰਗਲਾਂ ਦੀ ਸੁਰੱਖਿਆ ਕਰਨ ਲਈ ਜੰਗਲਾਂ ਦੀ ਲੈਂਡਸਕੇਪ ਦੀ ਯੋਜਨਾਬੰਦੀ ਬਾਰੇ ਫਰਸਟ ਨੇਸ਼ਨਜ਼ ਨਾਲ ਭਾਈਵਾਲੀ ਕਰਨਾ ਅਤੇ ਇਸ ਬਾਰੇ ਵਧੇਰੇ ਨਿਸ਼ਚਤਤਾ ਪ੍ਰਦਾਨ ਕਰਨਾ ਕਿ ਵਾਤਾਵਰਣ ਅਨੁਕੂਲ ਕਟਾਈ ਕਿੱਥੇ ਹੋ ਸਕਦੀ ਹੈ।

» ਬੀ.ਸੀ. ਦੇ ਕੁਦਰਤੀ ਸਰੋਤਾਂ ਦੇ ਫਾਇਦਿਆਂ ਦਾ ਲਾਭ ਉਠਾਉਣ ਲਈ ਅਤੇ ਨਾਜ਼ੁਕ ਖਣਿਜ ਮੁੱਲ ਲੜੀ ਦੀ ਸੰਭਾਵਨਾ ਦਾ ਮੁਲਾਂਕਣ ਕਰਨਾ ਜਾਰੀ ਰੱਖਣ ਲਈ ਇੱਕ ਨਵੀਂ ਨਾਜ਼ੁਕ ਖਣਿਜ ਕਾਰਜਨੀਤੀ ਦੀ ਸ਼ੁਰੂਆਤ ਕਰਨਾ।

» ਬੀ ਸੀ ਪਾਰਕਜ਼ (BC Parks) ਵਿੱਚ ਬਾਹਰੀ ਮਨੋਰੰਜਨ ਦੇ ਮੌਕਿਆਂ ਦੀ ਸਾਂਭ-ਸੰਭਾਲ ਕਰਨਾ ਅਤੇ ਇਹਨਾਂ ਵਿੱਚ ਵਾਧਾ ਕਰਨਾ।

### ਸੁਰੱਖਿਅਤ, ਸਿਹਤਮੰਦ ਭਾਈਚਾਰਿਆਂ ਦੀ ਸਿਰਜਣਾ ਕਰਨਾ

ਲੋਕ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ। ਬੀ.ਸੀ. ਵਿੱਚ ਜਿੱਥੇ ਵੀ ਲੋਕ ਰਹਿੰਦੇ ਹਨ, ਉਥੇ ਮਹਿਫੂਜ਼ ਅਤੇ ਸੁਰੱਖਿਅਤ ਮਹਿਸੂਸ ਕਰਨ ਵਿੱਚ ਲੋਕਾਂ ਦੀ ਮਦਦ ਕਰਨ ਦਾ ਮਤਲਬ ਹੈ ਹਿੰਸਕ ਅਪਰਾਧ ਵਾਲੇ ਵਿਅਕਤੀਆਂ ਨੂੰ ਸੜਕਾਂ ਤੋਂ ਦੂਰ ਰੱਖਣਾ, ਦਖਲਅੰਦਾਜ਼ੀ (intervention) ਸੇਵਾਵਾਂ ਨੂੰ ਮਜ਼ਬੂਤ ਕਰਨਾ ਅਤੇ ਲੋਕਾਂ ਨੂੰ ਲੋੜੀਂਦੀਆਂ ਨਿਆਂ ਸੇਵਾਵਾਂ ਤੱਕ ਬੇਹਤਰ ਪਹੁੰਚ ਪ੍ਰਦਾਨ ਕਰਨਾ।

**ਬੱਜਟ 2023 ਬੀ.ਸੀ. ਦੇ 'ਸੇਫ਼ਰ ਕਮਿਊਨੀਟੀਜ਼ ਐਕਸ਼ਨ ਪਲਾਨ' ਨੂੰ ਦਰਸਾਉਂਦਾ ਹੈ, ਜੋ ਠੋਸ ਰੂਪ ਵਿੱਚ ਕਨੂੰਨੀ ਲਾਗੂਕਰਨ ਅਤੇ ਦਖਲਅੰਦਾਜ਼ੀ ਰਾਹੀਂ ਭਾਈਚਾਰਿਆਂ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਠੋਸ ਕਦਮ ਪੇਸ਼ ਕਰਦਾ ਹੈ।**

ਵਧੇਰੇ ਮਜ਼ਬੂਤ ਕਨੂੰਨੀ ਲਾਗੂਕਰਨ ਅਤੇ ਦਖਲਅੰਦਾਜ਼ੀ:

» 'ਰਿਪੀਟ ਵਾਇਲੈਂਟ ਓਫੈਂਡਿੰਗ ਇੰਟਰਵੈਨਸ਼ਨ ਇਨਿਸ਼ਿਏਟਿਵ' ਅਤੇ 'ਟਾਰਗੇਟਡ ਇਨਫੋਰਸਮੈਂਟ' (SITE) ਪ੍ਰੋਗਰਾਮ ਦੀ ਸ਼ੁਰੂਆਤ ਕਰਨਾ ਤਾਂ ਜੋ ਅਪਰਾਧ ਦੁਹਰਾਉਣ ਨੂੰ ਘੱਟ ਕਰਨ, ਅਪਰਾਧਕ ਨਿਆਂ ਦੀ ਜਵਾਬੀ ਪ੍ਰਤੀਕਿਰਿਆ ਵਿੱਚ ਸੁਧਾਰ ਕਰਨ ਅਤੇ ਨਿਆਂ ਭਾਈਵਾਲਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਵਿੱਚ ਤੇਜ਼ੀ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ।

» ਨਵੇਂ ਪੁਲਿਸਿੰਗ ਅਤੇ ਪੁਲਿਸ ਨਿਗਰਾਨੀ ਵਿਧਾਨ ਵਿੱਚ ਯੋਗਦਾਨ ਪਾਉਣ ਲਈ ਵਿਚਾਰ ਸਾਂਝੇ ਕਰਨ ਅਤੇ ਜਨਤਕ ਸ਼ਮੂਲੀਅਤ ਰਾਹੀਂ ਬੀ.ਸੀ. ਵਿੱਚ ਪੁਲਿਸਿੰਗ ਦਾ ਆਧੁਨਿਕੀਕਰਨ ਕਰਨਾ।

» 250 ਤੋਂ ਵੱਧ RCMP ਅਫਸਰਾਂ ਨੂੰ ਨੌਕਰੀ 'ਤੇ ਰੱਖਣਾ, ਜਿਸ ਵਿੱਚ ਪੇਂਡੂ, ਦੂਰ-ਦੁਰਾਡੇ ਅਤੇ ਇੰਡੀਜਨਸ ਭਾਈਚਾਰਿਆਂ ਵਾਸਤੇ ਸਹਾਇਤਾ ਵੀ ਸ਼ਾਮਲ ਹੈ।

ਨਿਆਂ ਤੱਕ ਪਹੁੰਚ:

» ਕਨੂੰਨੀ ਮਦਦ ਮੰਗਣ ਲਈ ਅਤੇ ਅਪਰਾਧਕ ਨਿਆਂ ਪ੍ਰਣਾਲੀ ਵਿੱਚ ਇੰਡੀਜਨਸ ਲੋਕਾਂ ਦੀ ਹੱਦੋਂ ਵੱਧ ਪ੍ਰਤੀਨਿਧਤਾ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਇੰਡੀਜਨਸ ਲੋਕਾਂ ਵਾਸਤੇ ਵਧੇਰੇ ਮੁਫ਼ਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸੈਂਟਰ ਬਣਾਉਣਾ।

» ਰੁਕਾਵਟਾਂ ਨੂੰ ਦੂਰ ਕਰਨ ਲਈ ਅਤੇ ਵਧੇਰੇ ਲੋਕਾਂ ਨੂੰ ਮੁਫ਼ਤ ਕਨੂੰਨੀ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ 'ਬੀ ਸੀ ਹਿਊਮਨ ਰਾਈਟਸ ਟ੍ਰਾਇਬਿਊਨਲ' ਅਤੇ 'ਕਮਿਊਨਿਟੀ ਲੀਗਲ ਅਸਿਸਟੈਂਸ ਸੋਸਾਇਟੀ' ਵਾਸਤੇ ਫ਼ੰਡ ਸਹਾਇਤਾ ਵਿੱਚ ਵਾਧਾ ਕਰਨਾ।

» ਵਰਚੂਅਲ ਅਤੇ ਕੰਮ ਦੇ ਘੰਟਿਆਂ ਤੋਂ ਬਾਅਦ ਦੀਆਂ ਜ਼ਮਾਨਤਾਂ ਦੀਆਂ ਸੁਣਵਾਈਆਂ ਦੀ ਸਿਰਜਣਾ ਕਰਨਾ ਤਾਂ ਜੋ ਲੋਕ ਕਿਸੇ ਵੱਡੇ ਸ਼ਹਿਰ ਤਕ ਸਫ਼ਰ ਕਰਨ ਦੀ ਬਜਾਏ, ਜਿੱਥੇ ਉਨ੍ਹਾਂ ਦਾ ਸੰਪਰਕ ਘਰ ਅਤੇ ਭਾਈਚਾਰੇ ਤੋਂ ਟੁੱਟ ਜਾਂਦਾ ਹੈ, ਆਪਣੇ ਪਰਿਵਾਰ ਅਤੇ ਭਾਈਚਾਰੇ ਦੁਆਰਾ ਸਹਿਯੋਗ ਪ੍ਰਾਪਤ ਕਰ ਸਕਣ।

# ਆਪਣੇ ਵਿਚਾਰ ਸਾਂਝੇ ਕਰੋ

ਉਹ ਪ੍ਰਮੁੱਖ ਤਰਜੀਹਾਂ ਕਿਹੜੀਆਂ ਹਨ ਜਿਨ੍ਹਾਂ 'ਤੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਰਕਾਰ ਤੁਹਾਡੇ ਵਾਸਤੇ, ਤੁਹਾਡੇ ਪਰਿਵਾਰਾਂ ਅਤੇ ਤੁਹਾਡੇ ਭਾਈਚਾਰਿਆਂ ਵਾਸਤੇ ਇੱਕ ਮਜ਼ਬੂਤ ਭਵਿੱਖ ਦਾ ਨਿਰਮਾਣ ਕਰਨ ਲਈ ਧਿਆਨ ਕੇਂਦਰਿਤ ਕਰੇ?

**ਆਪਣੀਆਂ ਤਰਜੀਹਾਂ ਨੂੰ ਵਿੱਤ ਅਤੇ ਸਰਕਾਰੀ ਸੇਵਾਵਾਂ ਦੀ ਚੁਣੀ ਗਈ 'ਸਿਲੈਕਟ ਸਟੈਂਡਿੰਗ ਕਮੇਟੀ' ਨਾਲ ਸਾਂਝਾ ਕਰੋ।**

ਵਿੱਤ ਅਤੇ ਸਰਕਾਰੀ ਸੇਵਾਵਾਂ ਦੀ 'ਸਿਲੈਕਟ ਸਟੈਂਡਿੰਗ ਕਮੇਟੀ' ਬੀ.ਸੀ. ਦੀ ਵਿਧਾਨ ਸਭਾ ਦੀਆਂ 10 ਸਥਾਈ ਸੰਸਦੀ ਕਮੇਟੀਆਂ ਵਿੱਚੋਂ ਇੱਕ ਹੈ।

ਹਰ ਸਾਲ ਕਮੇਟੀ ਅਗਲੇ ਸੂਬਾਈ ਬੱਜਟ ਬਾਰੇ ਸੂਬੇ ਭਰ ਵਿੱਚ ਰਾਏ ਇਕੱਠੀ ਕਰਦੀ ਹੈ ਅਤੇ ਵਿਧਾਨ ਸਭਾ ਨੂੰ ਸਿਫਾਰਸ਼ਾਂ ਦੇ ਨਾਲ ਇੱਕ ਅੰਤਿਮ ਰਿਪੋਰਟ ਪੇਸ਼ ਕਰਦੀ ਹੈ।

ਤੁਸੀਂ ਲਿਖਤੀ ਇਨਪੁਟ ਭੇਜ ਕੇ ਆਪਣੇ ਵਿਚਾਰਾਂ ਅਤੇ ਤਰਜੀਹਾਂ ਨੂੰ ਸਾਂਝਾ ਕਰ ਸਕਦੇ ਹੋ। (ਅੰਗਰੇਜ਼ੀ, ਪੰਜਾਬੀ, ਟ੍ਰਡਿਸ਼ਨਲ ਅਤੇ ਸਿੰਪਲਿਫਾਈਡ ਚਾਈਨੀਜ਼ ਵਿੱਚ)। ਹਿੱਸਾ ਲੈਣ ਲਈ ਕਮੇਟੀ ਦੀ ਵੈਬਸਾਈਟ 'ਤੇ ਜਾਓ।

ਭਾਗ ਕਿਵੇਂ ਲੈਣਾ ਹੈ, ਇਸ ਬਾਰੇ ਪੂਰੇ ਵੇਰਵਿਆਂ ਵਾਸਤੇ, ਸੰਪਰਕ ਕਰੋ:
ਸਿਲੈਕਟ ਸਟੈਂਡਿੰਗ ਕਮੇਟੀ ਔਨ ਫਾਇਨੈਂਸ ਐਂਡ ਗਵਰਨਮੈਂਟ ਸਰਵਿਸਿਜ਼।
ਰੂਮ 224, ਪਾਰਲੀਮੈਂਟ ਬਿਲਡਿੰਗਜ਼, ਵਿਕਟੋਰੀਆ, ਬੀ.ਸੀ. V8V 1X4

ਹੋਰ ਜਾਣਕਾਰੀ (ਸਿਰਫ਼ ਅੰਗਰੇਜ਼ੀ ਵਿੱਚ) ਇੱਥੇ ਉਪਲਬਧ ਹੈ:
bcleg.ca/FGSbudget
ਈਮੇਲ: financecommittee@leg.bc.ca
ਫੋਨ: 1 (877) 428-8337 (ਟੋਲ-ਫ੍ਰੀ)
ਫੋਨ (250) 356-2933 (ਕਲੈਕਟ)

ਰਾਏ ਦੀ ਆਖਰੀ ਮਿਆਦ ਸ਼ੁੱਕਰਵਾਰ, 16 ਜੂਨ, 2023 ਦੁਪਹਿਰ 2:00 ਵਜੇ (ਪੈਸਿਫਿਕ) ਹੈ।